# ਤਿੰਨ ਦਾ ਨਿਯਮ ਯਾਦ ਰੱਖੋ



ਸਿਰਫ਼ **ਪਿਸ਼ਾਬ, ਮਲ** ਅਤੇ **ਟਾਇਲਟ ਪੇਪਰ** ਨੂੰ ਫਲੱਸ਼ ਕਰੋ। ਕਿਸੇ ਹੋਰ ਚੀਜ਼ ਨੂੰ ਫਲੱਸ਼ ਕਰਨ ਕਰਕੇ ਮਹਿੰਗੇ ਸੀਵਰੇਜ ਬੈਕਅੱਪ ਅਤੇ ਪਾਈਪਾਂ ਵਿੱਚ ਰੁਕਾਵਟਾਂ ਹੋ ਸਕਦੀਆਂ ਹਨ।

ਸਿਟੀ ਦੇ ਅਮਲੇ ਨੇ ਹਾਲ ਹੀ ਵਿੱਚ ਤੁਹਾਡੇ ਭਾਈਚਾਰੇ ਵਿੱਚ ਗੰਦੇ ਪਾਣੀ ਦੀਆਂ ਲਾਈਨਾਂ ਤੋਂ ਇੱਕਠੀਆਂ ਹੋਈਆਂ ਫਲੱਸ਼ ਨਾ ਕਰਨ ਯੋਗ ਸਮੱਗਰੀਆਂ ਨੂੰ ਹਟਾਇਆ ਹੈ।

## ਕੀ ਫਲੱਸ਼ ਨਹੀਂ ਕਰਨਾ ਚਾਹੀਦਾ

ਹੇਠ ਲਿਖੀਆਂ ਚੀਜ਼ਾਂ ਨੂੰ ਆਪਣੇ ਟਾਇਲਟ, ਸਿੰਕਾਂ ਅਤੇ ਨਾਲੀਆਂ ਤੋਂ ਬਾਹਰ ਰੱਖੋ:

- ਵਾਈਪ, ਪੇਪਰ ਟਾਵਲ, ਫੇਸ਼ੀਅਲ ਟਿਸ਼ੂ
- ਵਾਲ
- ਸੈਨੇਟਰੀ ਪੈਡ, ਟੈਂਪੋਨ ਅਤੇ ਐਪਲੀਕੇਟਰ
- ਡਾਇਪਰ, ਵੈਟ ਵਾਈਪ, ਲੀਰਾਂ, ਪੱਟੀਆਂ
- ਡੈਂਟਲ ਫਲੌਸ
- ਰੂੰ ਦੇ ਫੰਬੇ, ਕੌਂਡਮ, ਸ਼ਿੰਗਾਰ ਸਮੱਗਰੀ



ਸੀਵਰ ਪਾਈਪ ਵਿੱਚੋਂ ਹਟਾਈ ਗਈ ਫਲੱਸ਼ ਨਾ ਕਰਨ ਯੋਗ ਸਮੱਗਰੀ।

ਅਨੁਵਾਦ ਲਈ:

**ਹੋਰ ਜਾਣਨ ਲਈ ਕੋਡ ਸਕੈਨ ਕਰੋ ਜਾਂ**
**calgary.ca/protectyourpipes** 'ਤੇ ਜਾਓ

ਹੋਰ ਜਾਣਕਾਰੀ ਲਈ ਪਿਛਲਾ ਪਾਸਾ ਵੇਖੋ →



ਬਲਾਕ ਹੋਈ ਸੀਵਰੇਜ ਪਾਈਪ।

# ਚਰਬੀਆਂ, ਤੇਲਾਂ ਅਤੇ ਗ੍ਰੀਸ (FOG) ਨੂੰ ਨਾਲੀ ਵਿੱਚ ਜਾਣ ਤੋਂ ਰੋਕੋ


## FOG ਕੀ ਹੈ?




**ਫੈਟਾਂ** ਵਿੱਚ ਡੇਅਰੀ ਉਤਪਾਦ, ਮਾਰਜਰੀਨ, ਸ਼ਾਰਟਨਿੰਗ, ਗ੍ਰੇਵੀ, ਸੂਪ, ਮੀਟ ਅਤੇ ਬਰੋਥ ਸ਼ਾਮਲ ਹਨ।




**ਔਇਲਾਂ** ਵਿੱਚ ਖਾਣਾ ਪਕਾਉਣ ਵਾਲੇ ਤੇਲ, ਸਲਾਦ ਡਰੈਸਿੰਗ, ਮਸਾਲੇ, ਮੈਰੀਨੇਡ ਅਤੇ ਮੇਅਨੀਜ਼ ਸ਼ਾਮਲ ਹਨ।



**ਗ੍ਰੀਸ** ਵਿੱਚ ਮੀਟ, ਬੇਕਨ ਪਕਾਉਣ ਤੋਂ ਚਰਬੀਆਂ, ਗ੍ਰੀਸ ਅਤੇ ਪੈਨ ਡ੍ਰਿੱਪਿੰਗਜ਼ ਸ਼ਾਮਲ ਹਨ।

ਪਾਈਪਾਂ ਵਿੱਚ FOG ਦਾ ਇਕੱਠਾ ਹੋਣਾ ਪ੍ਰਵਾਹ ਨੂੰ ਸੀਮਤ ਕਰਦਾ ਹੈ ਅਤੇ ਤੁਹਾਡੇ ਘਰ ਦੇ ਅਤੇ ਸਾਡੇ ਗੰਦੇ ਪਾਣੀ ਦੇ ਸਿਸਟਮ ਵਿੱਚ ਰੁਕਾਵਟਾਂ ਪੈਦਾ ਕਰ ਸਕਦਾ ਹੈ।

## ਯਾਦ ਰੱਖੋ:

- **ਉਸਨੂੰ ਠੰਡਾ ਕਰੋ:** FOG ਨੂੰ ਠੰਡਾ ਅਤੇ ਠੋਸ ਹੋਣ ਦਿਓ।
- **ਉਸਨੂੰ ਖੁਰਚ ਕੇ:** ਕੌਮਪੋਸਟ ਹੋ ਸਕਣ ਵਾਲੇ ਬੈਗ ਜਾਂ ਕਾਗਜ਼ ਦੇ ਬੈਗ ਵਿੱਚ ਪਾਓ।
- **ਉਸਨੂੰ ਕੌਮਪੋਸਟ ਕਰੋ:** ਬੈਗ ਨੂੰ ਆਪਣੀ ਗ੍ਰੀਨ ਕਾਰਟ ਵਿੱਚ ਰੱਖੋ।

ਵਧੇਰੇ ਜਾਣਕਾਰੀ ਲਈ 311 ਨਾਲ ਸੰਪਰਕ ਕਰੋ ਜਾਂ **calgary.ca/protectyourpipes** 'ਤੇ ਜਾਓ

25-0046308 | CRV-36449